ਮਿੱਠੇ ਬੱਚੇ:- "ਮਿੱਠੇ ਬੱਚੇ :-ਗਿਆਨ ਅਤੇ ਯੋਗ ਦੇ ਨਾਲ-ਨਾਲ ਤੁਹਾਡੀ ਚਲਣ ਵੀ ਬਹੁਤ ਚੰਗੀ ਚਾਹੀਦੀ ਹੈ, ਕੋਈ ਵੀ ਭੂਤ ਅੰਦਰ ਨਾ ਹੋਵੇ, ਕਿਉਂਕਿ ਤੁਸੀਂ ਭੂਤਾਂ ਨੂੰ ਕੱਢਣ ਵਾਲ਼ੇ ਹੋ"

ਪ੍ਰਸ਼ਨ:- ਪ੍ਰਸ਼ਨ:- ਸਪੂਤ ਬੱਚਿਆਂ ਨੂੰ ਕਿਹੜਾ ਨਸ਼ਾ ਸਥਾਈ(ਪੱਕਾ) ਰਹਿ ਸਕਦਾ ਹੈ?

ਉੱਤਰ:- ਬਾਪ ਤੋਂ ਅਸੀਂ ਡਬਲ ਸਿਰਤਾਜ, ਵਿਸ਼ਵ ਦੇ ਮਾਲਿਕ ਬਣਨ ਦਾ ਵਰਸਾ ਲੈ ਰਹੇ ਹਾਂ। ਇਹ ਨਸ਼ਾ ਸਪੂਤ ਬੱਚਿਆਂ ਨੂੰ ਸਥਾਈ ਰਹਿ ਸਕਦਾ ਹੈ। ਪਰ ਜੇਕਰ ਕਾਮ ਕ੍ਰੋਧ ਦਾ ਭੂਤ ਅੰਦਰ ਹੋਵੇਗਾ ਤਾ ਇਹ ਨਸ਼ਾ ਰਹਿ ਨਹੀਂ ਸਕਦਾ। ਇਸ ਤਰ੍ਹਾਂ ਦੇ ਬੱਚੇ ਬਾਪ ਦਾ ਮਾਨ ਵੀ ਨਹੀਂ ਰੱਖ ਸਕਦੇ। ਇਸਦੇ ਲਈ ਪਹਿਲੇ ਭੂਤਾਂ ਨੂੰ ਭਜਾਉਣਾ ਹੈ। ਆਪਣੀ ਅਵਸਥਾ ਮਜਬੂਤ ਬਣਾਉਣੀ ਹੈ।

ਗੀਤ:- ਕੌਣ ਆਇਆ ਮੇਰੇ ਮਨ ਕੇ ਦਵਾਰੇ...

ਓਮ ਸ਼ਾਂਤੀ। ਇਸ ਦਾ ਅਰਥ ਤਾਂ ਕੋਈ ਸਮਝ ਨਾ ਸਕੇ ਸਿਵਾਏਤੁਸੀਂ ਬੱਚਿਆਂ ਦੇ। ਉਹ ਵੀ ਨੰਬਰਵਾਰ ਮੇਹਨਤ ਅਨੁਸਾਰ, ਕਿਉਂਕਿ ਪਰਮਪਿਤਾ ਪਰਮਾਤਮਾ ਦਾ ਕੋਈ ਸਥੂਲ ਜਾਂ ਸੂਖਸ਼ਮ ਚਿੱਤਰ ਤਾਂ ਹੈ ਨਹੀਂ। ਸੂਖਸ਼ਮ ਹਨ ਦੇਵਤੇ, ਉਹ ਤਾਂ ਸਿਰਫ ਤਿੰਨ ਹਨ। ਓਹਨਾ ਤੋਂ ਵੀ ਅਤੀ ਸੂਖਸ਼ਮ ਹੈ ਪਰਮਾਤਮਾ। ਹੁਣ ਹੇ ਪਰਮਪਿਤਾ ਪਰਮਾਤਮਾ - ਇਹ ਕੌਣ ਕਹਿੰਦਾ ਹੈ? ਆਤਮਾ। ਪਰਮਪਿਤਾ ਪਰਮਾਤਮਾ ਨੂੰ ਪਰਮ ਆਤਮਾ ਕਹਿੰਦੇ ਹਨ। ਲੌਕਿਕ ਬਾਪ ਨੂੰ ਆਤਮਾ ਪਰਮਾਤਮਾ ਕਹਿ ਨਹੀਂ ਸਕਦੇ। ਜਦੋ ਪਾਰਲੌਕਿਕ ਪਰਮਪਿਤਾ ਪਰਮਾਤਮਾ ਨੂੰ ਯਾਦ ਕਰਦੇ ਹਨ ਤਾਂ ਉਸਨੂੰ ਦੇਹੀ -ਅਭਿਮਾਨੀ ਕਿਹਾ ਜਾਂਦਾ ਹੈ। ਜਦੋ ਦੇਹ ਅਭਿਮਾਨ ਵਿਚ ਹੁੰਦੇ ਤਾਂ ਦੇਹ ਦੇ ਨਾਲ ਸੰਬੰਧ ਰੱਖਣ ਵਾਲਾ ਬਾਬਾ ਯਾਦ ਆ ਜਾਂਦਾ ਹੈ। ਉਹ ਫਿਰ ਹੈ ਆਤਮਾ ਦੇ ਨਾਲ ਸੰਬੰਧ ਰੱਖਣ ਵਾਲਾ ਬਾਬਾ। ਉਹ ਹੁਣ ਆਏ ਹਨ। ਆਤਮਾ ਬੁੱਧੀ ਨਾਲ ਜਾਣਦੀ ਹੈ, ਆਤਮਾ ਵਿਚ ਬੁੱਧੀ ਹੈ ਨਾ। ਤਾਂ ਪਰਮਪਿਤਾ ਪਰਮਾਤਮਾ ਜਰੂਰ ਪਾਰਲੌਕਿਕ ਪਿਤਾ ਠਹਿਰਿਆ। ਓਹਨਾ ਨੂੰ ਈਸ਼ਵਰ ਕਿਹਾ ਜਾਂਦਾ ਹੈ। ਹੁਣ ਬਾਬਾ ਨੇ ਇਹ ਪ੍ਰਸ਼ਨਾਵਲੀ ਬਨਾਈ ਹੈ। ਇਸ ਤੇ ਤੁਸੀਂ ਬੱਚਿਆਂ ਨੂੰ ਸਮਝਾਉਣਾ ਸੌਖਾ ਹੋਵੇਗਾ। ਜਿਵੇਂ ਫਾਰਮ ਭਰਾਇਆ ਜਾਂਦਾ ਹੈ ਪ੍ਰਸ਼ਨ ਵੀ ਪੁੱਛ ਸਕਦੇ ਹਾਂ। ਜਰੂਰ ਜੋ ਪੁੱਛਦੇ ਹਨ ਉਹ ਨੋਲਜਫੁੱਲ ਟੀਚਰ ਹਨ ਤਾਂ ਜਰੂਰ ਟੀਚਰ ਹੀ ਠਹਿਰਿਆ। ਆਤਮਾ ਸ਼ਰੀਰ ਧਾਰਨ ਕਰ ਆਰਗਨਸ ਨਾਲ ਸਮਝਾਉਂਦੀ ਹੈ। ਤਾਂ ਬੱਚਿਆਂ ਨੂੰ ਸੌਖਾ ਕਰਕੇ ਸਮਝਾਉਣ ਦੇ ਲਈ ਇਹ ਬਣਾਇਆ ਗਿਆ ਹੈ। ਪਰੰਤੂ ਗਿਆਨ ਸੁਨਾਉਣ ਵਾਲੇ ਬੱਚਿਆਂ ਦੀ ਅਵਸਥਾ ਵੀ ਬੜੀ ਚੰਗੀ ਹੋਣੀ ਚਾਹੀਦੀ ਹੈ। ਚਾਹੇ ਕਿਸੇ ਵਿਚ ਗਿਆਨ ਤੇ ਯੋਗ ਚੰਗਾ ਹੋਵੇ ਪਰ ਨਾਲ ਨਾਲ ਚੰਗੀ ਚਲਣ ਵੀ ਚਾਹੀਦੀ ਹੈ। ਦੈਵੀ ਚਲਣ ਉਨ੍ਹਾਂ ਦੀ ਹੋਵੇਗੀ ਜਿਨ੍ਹਾਂ ਵਿਚ ਕਾਮ-ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਭੂਤ ਨਹੀਂ ਹੋਵੇਗਾ। ਇਹ ਵੱਡੇ -ਵੱਡੇ ਭੂਤ ਹਨ। ਤੁਸੀਂ ਬੱਚਿਆਂ ਵਿਚ ਕੋਈ ਵੀ ਭੂਤ ਨਹੀਂ ਹੋਣਾ ਚਾਹੀਦਾ। ਅਸੀਂ ਹਾਂ ਭੂਤ ਕੱਢਣ ਵਾਲੇ। ਅਸ਼ੁੱਧ ਆਤਮਾਵਾਂ ਜਿਹੜੀਆਂ ਭਟਕਦੀਆਂ ਹਨ, ਓਹਨਾ ਨੂੰ ਭੂਤ ਕਿਹਾ ਜਾਂਦਾ ਹੈ। ਓਹਨਾ ਭੂਤਾਂ ਨੂੰ ਕੱਢਣ ਲਈ ਵੀ ਉਸਤਾਦ ਹੁੰਦੇ ਹਨ। ਇਹ ਪੰਜ ਵਿਕਾਰ ਰੂਪੀ ਭੂਤ ਹਨ ਇਹ ਤਾਂ ਪਰਮਪਿਤਾ ਪਰਮਾਤਮਾ ਤੋਂ ਇਲਾਵਾ ਹੋਰ ਕੋਈ ਨਹੀਂ ਕੱਢ ਸਕਦਾ। ਸਰਵ ਦੇ ਭੂਤਾਂ ਨੂੰ ਕੱਢਣ ਵਾਲਾ ਇਕ ਹੈ। ਅਤੇ ਸਭ ਦੀ ਸਦਗਤੀ ਕਰਨ ਵਾਲਾ ਵੀ ਇਕ ਹੈ। ਰਾਵਣ ਤੋਂ ਲਿਬਰੇਟ ਕਰਾਉਣ ਵਾਲਾ ਵੀ ਇੱਕ। ਇਹ ਵੱਡੇ-੨ ਭੂਤ ਹਨ। ਕਿਹਾ ਵੀ ਜਾਂਦਾ ਹੈ ਇਸ ਵਿਚ ਕਰੋਧ ਦਾ ਭੂਤ ਹੈ, ਇਸ ਵਿੱਚ ਮੋਹ ਦਾ ਭੂਤ ਹੈ ਅਤੇ ਅਸ਼ੁੱਧ ਹੰਕਾਰ ਦਾ ਭੂਤ ਹੈ। ਸਾਰਿਆਂ ਨੂੰ ਇਨ੍ਹਾਂ ਭੂਤਾਂ ਤੋਂ ਛੁਡਾਉਣ ਵਾਲਾ ਲਿਬਰੇਟ੍ਰ, ਇਕ ਪਰਮਪਿਤਾ ਪਰਮਾਤਮਾ ਹੈ। ਤੁਸੀਂ ਜਾਣਦੇ ਹੋ ਇਸ ਵੇਲੇ ਸਭ ਤੋਂ ਵੱਧ ਸ਼ਕਤੀਸ਼ਾਲੀ ਇਹ ਕ੍ਰਿਸ਼ਚਨ ਲੋਕ ਹਨ। ਓਹਨਾ ਦੇ ਇੰਗਲਿਸ਼ ਦੇ ਅੱਖਰ ਵੀ ਬੜੇ ਵਧੀਆ ਹਨ। ਜਿਹੜੇ ਰਾਜੇ ਹੁੰਦੇ ਹਨ ਉਹ ਆਪਣੀ ਭਾਸ਼ਾ ਚਲਾਉਂਦੇ ਹਨ। ਦੇਵਤਾਵਾਂ ਦੀ ਭਾਸ਼ਾ ਕੋਈ ਜਾਣਦਾ ਨਹੀਂ। ਸਾਡੀਆਂ ਬੱਚੀਆਂ ਪਹਿਲਾਂ ਸਾਰਾ ਕੁਝ ਦੱਸਦੀਆਂ ਸਨ । ਦੋ ਚਾਰ ਦਿਨ ਧਿਆਨ ਵਿਚ ਰਹਿੰਦੀਆਂ ਸਨ। ਹੁਣ ਕੋਈ ਬੁੱਧੀਵਾਨ ਸੰਦੇਸ਼ੀ ਹੋਵੇ ਜਿਹੜੀ ਓਥੋਂ ਦੀ ਭਾਸ਼ਾ ਦੇਖ ਕੇ ਸੁਨਾਵੇ।

ਤੁਸੀਂ ਬੱਚੇ ਸਭ ਨੂੰ ਭਾਰਤ ਦੀ ਕਹਾਣੀ ਸੁਣਾਓ। ਭਾਰਤ ਸਤੋਪ੍ਰਧਾਨ ਸੀ, ਹੁਣ ਤਮੋਪ੍ਰਧਾਨ, ਪੂਜਨੀਏ ਤੋਂ ਪੂਜਾਰੀ ਬਣਿਆ ਹੈ। ਭਾਰਤ ਵਿਚ ਦੇਵਤਾਵਾਂ ਦੇ ਚਿਤਰ ਬਹੁਤ ਹਨ। ਅੰਧਸ਼ਰਧਾ ਨਾਲ ਪੂਜਦੇ ਹਨ। ਬਾਯੋਗ੍ਰਾਫੀ ਨੂੰ ਜਾਣਦੇ ਨਹੀਂ। ਅਸੀਂ ਸਭ ਐਕਟਰ ਹਾਂ ਤੇ ਡਰਾਮਾ ਦੇ ਡਾਇਰੈਕਟਰ ਆਦਿ ਦਾ ਪਤਾ ਹੋਣਾ ਚਾਹੀਦਾ ਹੈ। ਇਸਲਈ ਪ੍ਰਸ਼ਨਾਵਲੀ ਬਨਾਈ ਹੈ। ਪੋਪ ਨੂੰ ਵੀ ਲਿਖਣਾ ਚਾਹੀਦਾ ਹੈ, ਤੁਸੀ ਫੋਲਵਰਸ ਨੂੰ ਕਹਿ ਰਹੇ ਹੋ, ਇਹ ਵਿਨਾਸ਼ ਦੀਆ ਚੀਜ਼ਾਂ ਬੰਦ ਕਰੋ, ਤਾਂ ਇਹ ਤੁਹਾਡੀ ਮੰਨਦੇ ਕਿਓਂ ਨਹੀਂ? ਤੁਸੀਂ ਤਾਂ ਸਾਰਿਆਂ ਦੇ ਗੁਰੂ ਹੋ। ਤੁਹਾਡੀ ਤਾਂ ਬੜੀ ਮਹਿਮਾ ਹੈ। ਫਿਰ ਵੀ ਇਹ ਕਿਓਂ ਨਹੀਂ ਮੰਨਦੇ? ਕਾਰਣ ਤੁਸੀਂ ਨਹੀਂ ਜਾਣਦੇ ਹੋ ਤਾਂ ਅਸੀਂ ਤੁਹਾਨੂੰ ਦਸਦੇ ਹਾਂ। ਇਹ ਤੁਹਾਡੀ ਮਤ ਤੇ ਨਹੀਂ ਹਨ। ਇਹ ਇਸ਼ਵਰੀਏ ਮਤ ਤੇ ਬਣਾ ਰਹੇ ਹਨ। ਸਵਰਗ ਦੀ ਸਥਾਪਨਾ ਏਡਮ ਈਵ ਦਵਾਰਾ ਹੋ ਰਹੀ ਹੈ। ਨੋਲਜਫੁਲ ਗੌਡ ਹੈ, ਉਹ ਹੈ ਗੁਪਤ। ਜਰੂਰ ਉਨ੍ਹਾਂ ਦੀ ਸੈਨਾ ਉਨ੍ਹਾਂ ਦੀ ਮਤ ਤੇ ਚੱਲਣ ਵਾਲੀ ਹੋਵੇਗੀ। ਇਵੇਂ - ਇਵੇਂ ਸਮਝਾਉਣਾ ਚਾਹੀਦਾ ਹੈ। ਪ੍ਰੰਤੂ ਬੱਚੇ ਇਤਨੇ ਵਿਸ਼ਾਲ ਬੁੱਧੀ ਨਹੀਂ ਹਨ , ਇਸਲਈ ਸਕ੍ਰੂ ਨੂੰ ਟਾਇਟ ਕਰਨਾ ਪੈਂਦਾ ਹੈ। ਜਿਵੇਂ ਇੰਜਣ ਠੰਡੀ ਹੈ ਤਾਂ ਉਸਨੂੰ ਤੇਜ ਕਰਨ ਲਈ ਕੋਇਲੇ ਪਾਉਂਦੇ ਹਨ। ਉਹ ਵੀ ਗਿਆਨ ਦੇ ਕੋਇਲੇ ਹਨ। ਪਰਮਪਿਤਾ ਪਰਮਾਤਮਾ ਸਭ ਤੋਂ ਵੱਡਾ ਹੈ, ਸਾਰੇ

ਉਸਨੂੰ ਸਲਾਮ ਕਰਨ ਲਈ ਆਉਣਗੇ। ਪੋਪ ਨੂੰ ਵੀ ਸਾਰੇ ਪਾਵਰਫੁੱਲ ਸਮਝਦੇ ਹਨ। ਪੋਪ ਨੂੰ ਜਿੰਨਾਂ ਮਾਨ ਦਿੰਦੇ ਹਨ ਉਤਨਾ ਹੋਰ ਕਿਸੇ ਨੂੰ ਨਹੀਂ ਦਿੰਦੇ। ਬਾਪ ਨੂੰ ਜਾਣਦੇ ਨਹੀਂ। ਉਹ ਤਾਂ ਗੁਪਤ ਹੈ। ਓਹਨਾ ਨੂੰ ਸਿਰਫ ਬੱਚੇ ਹੀ ਜਾਣਦੇ ਹਨ ਅਤੇ ਮਰਤਬਾ ਦਿੰਦੇ ਹਨ। ਪਰ ਮਾਇਆ ਬੱਚਿਆਂ ਨੂੰ ਵੀ ਅਜਿਹੇ ਬਾਪ ਦਾ ਮਾਨ ਰੱਖਣ ਨਹੀਂ ਦਿੰਦੀ। ਬਾਬਾ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ, ਇਹ ਨਸ਼ਾ ਬਾਹਰ ਨਿਕਲਣ ਨਾਲ ਖਤਮ ਹੋ ਜਾਂਦਾ ਹੈ। ਅਸੀਂ ਬਾਬਾ ਤੋਂ ਡਬਲ ਸਰਤਾਜ ਦਾ ਵਰਸਾ ਕਿਓਂ ਨਹੀਂ ਲਵਾਂਗੇ। ਇਹ ਹੈ ਸਪੂਤ ਬੱਚਿਆਂ ਦਾ ਨਸ਼ਾ। ਪਰ ਬਹੁਤ ਬੱਚਿਆਂ ਨੂੰ ਕਾਮ, ਕਰੋਧ, ਲੋਭ ਦਾ ਭੂਤ ਆ ਜਾਂਦਾ ਹੈ। ਬਾਬਾ ਮੁਰਲੀ ਚਲਾਉਂਦੇ ਹਨ ਤਾਂ ਪਤਾ ਚਲਦਾ ਹੈ ਕਿ ਹਾਲੇ ਤੱਕ ਸਾਡੇ ਵਿਚ ਕਾਮ ਦਾ ਹਲਕਾ ਨਸ਼ਾ ਹੈ। ਜੇਕਰ ਇੱਕ ਪਾਸਾ ਮਜਬੂਤ ਹੋਵੇ ਤਾਂ ਕੁਝ ਹੋ ਨਹੀਂ ਸਕਦਾ। ਕਿਤੇ ਇਸਤਰੀ ਮਜਬੂਤ ਰਹਿੰਦੀ ਹੈ ਤੇ ਕਿਧਰੇ ਪੁਰਸ਼। ਬਾਬਾ ਦੇ ਕੋਲ ਸਭ ਤਰ੍ਹਾਂ ਦੀਆ ਖਬਰਾਂ ਆਉਂਦੀਆਂ ਹਨ। ਕੋਈ ਸੱਚੀ ਦਿਲ ਨਾਲ ਲਿਖਦੇ ਹਨ। ਅੰਦਰ - ਬਾਹਰ ਬੜੀ ਸੱਚਾਈ ਚਾਹੀਦੀ। ਕਈ ਬਾਹਰੋਂ ਸੱਚੇ ਹਨ ਤੇ ਅੰਦਰੋਂ ਝੂਠੇ ਹਨ। ਤੂਫ਼ਾਨ ਬਹੁਤਿਆਂ ਨੂੰ ਆਉਂਦਾ ਹੈ। ਲਿਖਦੇ ਹਨ ਬਾਬਾ ਅੱਜ ਮੈਨੂੰ ਕਾਮ ਦਾ ਤੂਫ਼ਾਨ ਆਇਆ ਪਰ ਬਚ ਗਿਆ। ਜੇਕਰ ਨਹੀਂ ਲਿਖਦੇ ਤਾਂ ਇਕ ਤੇ ਦੰਢ ਦੂਜਾ ਆਦਤ ਵੱਧਦੀ ਜਾਏਗੀ। ਅੰਤ ਵਿਚ ਡਿੱਗ ਜਾਣਗੇ। ਬਾਬਾ ਦੀ ਬੱਚਿਆਂ ਵਿਚ ਉਮੀਦ ਤਾਂ ਰਹਿੰਦੀ ਹੈ ਨਾ। ਥੋੜੀ ਗ੍ਰਹਿਚਾਰੀ ਹੁੰਦੀ ਹੈ ਤਾਂ ਉਹ ਉਤਰ ਜਾਂਦੀ ਹੈ, ਕਈ ਹਨ ਜਿਹੜੇ ਅੱਜ ਚੰਗੇ ਚੱਲ ਰਹੇ ਹਨ, ਕਲ ਬੇਹੋਸ਼ ਹੋ ਜਾਂਦੇ ਹਨ ਜਾਂ ਗਲਾ ਘੁੱਟ ਜਾਂਦਾ ਹੈ। ਜਰੂਰ ਕੋਈ ਅਵਗਿਆ ਕਰਦੇ ਹਨ। ਹਰ ਗੱਲ ਵਿਚ ਸੱਚਾ ਰਹਿਣਾ ਚਾਹੀਦਾ ਹੈ ਤਾਂ ਹੀ ਸੱਚ ਖੰਡ ਦੇ ਮਾਲਿਕ ਬਣਾਂਗੇ। ਝੂਠ ਬੋਲਾਂਗੇ ਤਾਂ ਬਿਮਾਰੀ ਵੱਧ ਕੇ ਨੁਕਸਾਨ ਕਰ ਦਵੇਗੀ।

ਬੱਚਿਆਂ ਨੂੰ ਬੜੀ ਯੁਕਤੀ ਦੇ ਨਾਲ ਪ੍ਰਸ਼ਨਾਵਲੀ ਲਿਖਣੀ ਚਾਹੀਦੀ - ਪਰਮਪਿਤਾ ਪਰਮਾਤਮਾ ਨਾਲ ਤੁਹਾਡਾ ਕਿ ਸੰਬੰਧ ਹੈ? ਜਦੋਂ ਪਿਤਾ ਹੈ ਤਾਂ ਸਰਵਵਯਾਪੀ ਦੀ ਗੱਲ ਨਹੀਂ। ਉਹ ਸਭ ਦਾ ਸਦਗਤੀ ਦਾਤਾ, ਪਤਿਤ ਪਾਵਨ ਹੈ। ਗੀਤਾ ਦਾ ਭਗਵਾਨ ਹੈ ਤਾਂ ਜਰੂਰ ਆਕੇ ਗਿਆਨ ਦਿੱਤਾ ਹੋਵੇਗਾ। ਜੇਕਰ ਇਹ ਗੱਲ ਹੈ ਤਾਂ ਤੁਸੀਂ ਓਹਨਾ ਦੀ ਜੀਵਨ ਕਹਾਣੀ ਨੂੰ ਜਾਣਦੇ ਹੋ? ਨਹੀਂ ਜਾਣਦੇ ਤਾਂ ਵਰਸਾ ਮਿਲ ਨਹੀਂ ਸਕਦਾ। ਪਿਤਾ ਤੋਂ ਵਰਸਾ ਜਰੂਰ ਮਿਲਣਾ ਹੈ। ਫਿਰ ਦੂਜਾ ਪ੍ਰਸ਼ਨ ਪੁੱਛੋ ਪ੍ਰਜਾਪਿਤਾ ਬ੍ਰਹਮਾ ਤੇ ਉਹਨਾਂ ਦੀ ਮੁਖ ਵੰਸ਼ਾਵਲੀ ਨੂੰ ਜਾਣਦੇ ਹੋ? ਜਿਸ ਦਾ ਨਾਮ ਹੈ ਸਰਸਵਤੀ, ਉਹ ਹੈ ਗਿਆਨ ਗਿਆਨੇਸ਼ਵਾਰੀ। ਓਹਨਾ ਨੂੰ ਗਾਡੇਜ ਆਫ ਨੋਲਜ ਕਹਿੰਦੇ ਹਨ। ਇਹ ਹੈ ਜਗਤ ਅੰਬਾ ਤੇ ਜਰੂਰ ਉਸਦੇ ਬੱਚੇ ਵੀ ਹੋਣਗੇ। ਬਾਪ ਵੀ ਹੋਵੇਗਾ। ਨੋਲਜ ਦੇਣ ਵਾਲਾ ਤਾਂ ਉਹ ਹੈ। ਹੁਣ ਇਹ ਪ੍ਰਜਾਪਿਤਾ ਤੇ ਜਗਤ ਅੰਬਾ ਕੌਣ ਹੈ? ਓਹਨਾ ਨੂੰ ਧਨ ਲਕਸ਼ਮੀ ਵੀ ਕਹਿੰਦੇ ਹਨ, ਫਿਰ ਉਹ ਗਿਆਨ ਗਿਆਨੇਸ਼ਵਾਰੀ ਨਹੀਂ ਹੈ। ਇਹ ਬ੍ਰਹਮਾ ਸਰਸਵਤੀ ਰਾਜ - ਰਾਜੇਸ਼ਵਰੀ ਬਣਦੇ ਹਨ ਤਾਂ ਉਹਨਾਂ ਦੇ ਬੱਚੇ ਵੀ ਜਰੂਰ ਸਵਰਗ ਦੇ ਮਾਲਿਕ ਬਣਦੇ ਹੋਣਗੇ। ਹੁਣ ਇਹ ਹੈ ਸੰਗਮ, ਕੁੰਭ। ਉਸ ਕੁੰਭ ਦੇ ਮੇਲੇ ਵਿਚ ਦੇਖੋ ਕੀ ਹੁੰਦਾ ਹੈ। ਭਗਤੀ ਮਾਰਗ ਦੇ ਅਰਥ ਅਤੇ ਇਸ ਵਿਚ ਦਿਨ ਰਾਤ ਦਾ ਫਰਕ ਹੈ। ਉਹ ਹੈ ਪਾਣੀ ਦੀ ਨਦੀ ਅਤੇ ਸਾਗਰ ਦਾ ਮੇਲਾ। ਇਹ ਹਨ ਹਿਊਮਨ(ਮਨੁੱਖ) ਗੰਗਾਵਾਂ ਜੋ ਗਿਆਨ ਸਾਗਰ ਤੋਂ ਨਿਕਲਦੀਆਂ ਹਨ, ਉਨ੍ਹਾਂ ਦਾ ਮੇਲਾ। ਇਹ ਪ੍ਰਸ਼ਨ ਵੀ ਪੁੱਛਿਆ ਜਾਂਦਾ ਹੈ, ਪਤਿਤ ਤੋਂ ਪਾਵਨ ਬਣਾਉਣ ਵਾਲਾ ਕੌਣ ਹੈ? ਇਹ ਤਾਂ ਜਾਨਣ ਵਾਲੀਆਂ ਗੱਲਾਂ ਹਨ ਤਾਂ ਤੇ ਪੁੱਛਦੇ ਹਨ। ਇਸ ਮਾਤ- ਪਿਤਾ ਦੇ ਗਿਆਨ ਨਾਲ ਤੁਸੀਂ ਰਾਜ- ਰਾਜੇਸ਼ਵਰੀ ਬਣ ਸਕਦੇ ਹੋ। ਈਸ਼ਵਰ ਸਰਵਵਜਾਪੀ ਕਹਿਣ ਨਾਲ ਮੁਖ ਕੀ ਮਿੱਠਾ ਹੋਵੇਗਾ? ਹੁਣ ਤਹਾਨੂੰ ਭਗਤੀ ਦਾ ਫੱਲ ਗਿਆਨ ਮਿਲਦਾ ਹੈ। ਹੁਣ ਭਗਵਾਨ ਪੜਾਉਂਦੇ ਹਨ ਤਾਂ ਧੱਕਾ ਖਾਣਾ ਬੰਦ ਹੋ ਜਾਂਦਾ ਹੈ। ਬਾਬਾ ਕਹਿੰਦੇ ਹਨ ਬੱਚੇ ਅਸ਼ਰੀਰੀ ਭਵ। ਆਤਮਾ ਨੂੰ ਗਿਆਨ ਮਿਲਿਆ। ਹੁਣ ਆਤਮਾ ਕਹਿੰਦੀ ਹੈ- ਸਾਨੂੰ ਵਾਪਿਸ ਘਰ ਜਾਣਾ ਹੈ ਬਾਬਾ ਦੇ ਕੋਲ। ਫਿਰ ਹੈ ਪ੍ਰਾਲਬੱਧ। ਰਾਜਧਾਨੀ ਸਥਾਪਨ ਹੋ ਜਾਂਦੀ ਹੈ। ਕਿੰਨੀਆਂ ਸਮਝਣ ਦੀਆ ਗੱਲਾਂ ਹਨ। ਇਹ ਪ੍ਰਸ਼ਨਾਵਲੀ ਬੜੀ ਵਧੀਆ ਹੈ। ਸਭ ਦੀ ਜੇਬ ਵਿਚ ਪਈ ਰਹੇ। ਸਰਵਿਸ ਕਰਨ ਵਾਲੇ ਬੱਚੇ ਹੀ ਇਨ੍ਹਾਂ ਗੱਲਾਂ ਤੇ ਗੋਰ ਕਰਨਗੇ। ਬੱਚਿਆਂ ਦੇ ਲਈ ਬਾਪ ਨੂੰ ਬੜੀ ਮੇਹਨਤ ਕਰਨੀ ਪੈਂਦੀ ਹੈ। ਬਾਬਾ ਕਹਿੰਦੇ ਹਨ - ਬੱਚੇ ਆਪਣਾ ਭਵਿੱਖ ਉੱਚ ਬਣਾਓ। ਨਹੀਂ ਤਾਂ ਕਲਪ-ਕਲਪ ਪਦਵੀ ਘਟ ਹੋ ਜਾਵੇਗੀ। ਜਿਵੇਂ ਇਹ ਬਾਬਾ ਮਹਾਰਾਜਾ-ਮਹਾਰਾਣੀ ਬਣਦੇ ਹਨ ਇਵੇਂ ਬੱਚੇ ਵੀ ਬਣਨ। ਪਰ ਆਪਣੇ ਤੇ ਨਿਸ਼ਚੇ ਹੋਣਾ ਚਾਹੀਦਾ ਹੈ। ਰਾਜੇ ਵਿਚ ਵੀ ਬੜੀ ਤਾਕਤ ਰਹਿੰਦੀ ਹੈ। ਓਥੇ ਤਾਂ ਹੈ ਸੁਖ ਹੀ ਸੁਖ ਹੈ। ਜਿਹੜੇ ਰਾਜਾ ਬਣਦੇ ਹਨ ਉਹ ਵੀ ਈਸ਼ਵਰ ਅਰਥ ਦਾਨ- ਪੁੰਨ ਕਰਨ ਨਾਲ। ਰਾਜਾ ਦੇ ਆਡਰ ਨਾਲ ਸਾਰੀ ਪ੍ਰਜਾ ਚਲਦੀ ਹੈ। ਇਸ ਵੇਲੇ ਭਾਰਤਵਾਸੀਆਂ ਦਾ ਕੋਈ ਰਾਜਾ ਨਹੀਂ, ਪੰਚਾਇਤੀ ਰਾਜ ਹੈ ਤਾਂ ਕਿੰਨੇ ਕਮਜ਼ੋਰ ਬਣ ਗਏ ਹਨ।

ਬਾਬਾ ਜਾਣਦੇ ਹਨ, ਬੜੇ ਬੱਚਿਆਂ ਨੂੰ ਤੂਫ਼ਾਨ ਆਉਂਦਾ ਹੈ ਪਰ ਖਬਰ ਨਹੀਂ ਦਿੰਦੇ ਹਨ। ਬਾਬਾ ਨੂੰ ਲਿਖਣਾ ਚਾਹੀਦਾ ਹੈ ਕਿ ਬਾਬਾ ਇਸ ਤਰ੍ਹਾਂ ਦੇ ਤੂਫ਼ਾਨ ਆਉਂਦੇ ਹਨ, ਤੁਸੀਂ ਸਲਾਹ ਦੇਵੋ। ਬਾਬਾ ਹਲਾਤ ਦੇਖ ਕੇ ਸਲਾਹ ਦੇਣਗੇ। ਲਿਖਦੇ ਨਹੀਂ ਹਨ, ਤਾਂ ਓਹਨਾ ਦਾ ਕੋਈ ਸਾਥੀ ਖ਼ਬਰ ਦਿੰਦੇ ਹਨ ਕਿ ਬਾਬਾ ਸਾਡੇ ਸਾਥੀ ਦਾ ਇਹ ਹਾਲ ਹੈ। ਬਾਬਾ ਨੂੰ ਤਾਂ ਸਮਾਚਾਰ ਦੇਣਾ ਚਾਹੀਦਾ ਹੈ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ **11-1-69**

ਬੇਹੱਦ ਦਾ ਬਾਪ ਆਕੇ ਸਮਝਾਉਂਦੇ ਹਨ, ਆਪਣਾ ਬਨਾਉਂਦੇ ਹਨ, ਰਾਜਾਈ ਪਦ ਦੇ ਲਈ ਸਿੱਖਿਆ ਦਿੰਦੇ ਹਨ, ਪਵਿੱਤਰ ਵੀ ਬਣਾਉਂਦੇ

ਹਨ। ਬਾਪ ਬੜਾ ਸਹਿਜ ਰੀਤੀ ਆਪਣਾ ਤੇ ਵਰਸੇ ਦਾ ਪਰਿਚੇ ਸਮਝਾਉਂਦੇ ਹਨ। ਆਪੇ ਹੀ ਸਮਝ ਨਹੀਂ ਸਕਦੇ। ਬੇਹੱਦ ਦੇ ਬਾਪ ਤੋਂ ਜਰੂਰ ਬੇਹੱਦ ਦਾ ਵਰਸਾ ਮਿਲੇਗਾ। ਇਹ ਵੀ ਚੰਗੇ ਬੁੱਧੀਮਾਨ ਹੀ ਸਮਝਣਗੇ। ਬਾਪ ਕੀ ਵਰਸਾ ਦਿੰਦੇ ਹਨ? ਘਰ ਦਾ, ਪੜ੍ਹਾਈ ਦਾ ਅਤੇ ਸਵਰਗ ਦੀ ਬਾਦਸ਼ਾਹੀ ਦਾ ਵਰਸਾ ਦਿੰਦੇ ਹਨ। ਜੋ ਪਵਿੱਤਰ ਦੈਵੀ ਸੰਪਰਦਾਏ ਬਣਦੇ ਹਨ ਉਹ ਹੀ ਰਾਜਧਾਨੀ ਵਿਚ ਆਉਂਦੇ ਹਨ। ਜੋ ਜਿੰਨਾਂ ਪੜਨਗੇ, ਪੜ੍ਹਾਉਣਗੇ ਉਹ ਹੀ ਉਂਚ ਪਦਵੀ ਪਾਣਗੇ। ਇਨੇ ਬੱਚੇ ਹਨ, ਬਾਪ ਤੋਂ ਉਂਚ ਵਰਸਾ ਲੈਂਦੇ ਹਨ। ਬਾਪ ਸਵਰਗ ਦਾ ਮਾਲਿਕ, ਨਰ ਤੋਂ ਨਰਾਇਣ ਬਣਾਉਂਦੇ ਹਨ। ਇਹ ਰਾਜਾਈ ਦੇ ਮਾਲਿਕ ਹਨ। ਤਾਂ ਬੇਹੱਦ ਦਾ ਬਾਪ ਜੋ ਸਵਰਗ ਦਾ ਰਚੇਤਾ ਹੈ ਅਸੀਂ ਓਹਨਾ ਤੋਂ ਸਵਰਗ ਦੀ ਬਾਦਸ਼ਾਹੀ ਲਵਾਂਗੇ। ਜੈਸਾ ਰਾਜਾ ਰਾਣੀ ਵੈਸੀ ਪ੍ਰਜਾ.. ਜਿਨ੍ਹਾਂ ਪੁਰਸ਼ਾਰਥ ਕਰਾਂਗੇ ਓਹਨਾ ਹੀ ਉੱਚ ਪਦਵੀ ਪਾਵਾਂਗੇ। ਇਹ ਰਾਜਾਈ ਲਈ ਪੁਰਸ਼ਾਰਥ ਹੈ। ਸਤਿਯੁਗ ਦੀ ਰਾਜਾਈ ਸਾਰਿਆਂ ਨੂੰ ਨਹੀਂ ਮਿਲਦੀ ਹੈ। ਜਿਨ੍ਹਾਂ ਜਿਹੜੇ ਪੁਰਸ਼ਾਰਥ ਕਰਨਗੇ ਉਤਨਾ ਹੀ ਉਂਚ ਪਦਵੀ ਪਾਉਣਗੇ। ਪੁਰਸ਼ਾਰਥ ਤੇ ਪ੍ਰਾਲਬੱਧ ਦਾ ਸੰਬੰਧ ਰਹਿੰਦਾ ਹੈ। ਇਹ ਤਾਂ ਬੱਚੇ ਜਾਣਦੇ ਹਨ ਕਿ ਜਿੰਨਾਂ ਪੁਰਸ਼ਾਰਥ ਕਰਾਂਗੇ, ਪੁਰਸ਼ਾਰਥ ਤੋਂ ਹੀ ਬਾਦਸ਼ਾਹੀ ਮਿਲਦੀ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਦੇ ਹਾਂ ਤਾਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ, ਖਾਲਸ ਸੋਨਾ ਬਣ ਜਾਣਗੇ। ਰਾਜ ਪਦ ਵੀ ਮਿਲੇਗਾ। ਜਿਵੇਂ ਇਥੇ ਕਹਿੰਦੇ ਹਨ ਭਾਰਤ ਦੇ ਅਸੀਂ ਮਾਲਿਕ ਹਾਂ। ਮਾਲਿਕ ਤਾਂ ਸਾਰੇ ਬਣਨਗੇ। ਫਿਰ ਪਦ ਕੀ ਪਾਉਣਗੇ? ਪੜਾਈ ਤੋਂ ਬਾਅਦ ਸਾਡੀ ਸਵਰਗ ਵਿਚ ਪਦਵੀ ਕੀ ਰਹੇਗੀ। ਤੁਸੀਂ ਹਾਲੇ ਸੰਗਮ ਤੇ ਪੜਦੇ ਹੋ, ਸਤਿਯੁਗ ਵਿਚ ਰਾਜਾਈ ਕਰਾਂਗੇ। ਬਾਪ ਯੋਗ ਵੀ ਸਿਖਾਉਂਦੇ ਹਨ, ਪੜ੍ਹਾਉਂਦੇ ਹਨ। ਤੁਸੀਂ ਸਮਝਦੇ ਹੋ ਅਸੀਂ ਰਾਜਯੋਗ ਸਿੱਖਦੇ ਹਾਂ। ਬਾਪ ਦੀ ਯਾਦ ਨਾਲ ਪਾਵਨ ਬਣਦੇ ਹਾਂ। ਫਿਰ ਸਾਡਾ ਦੁਬਾਰਾ ਜਨਮ ਰਾਵਣ ਰਾਜ ਵਿਚ ਨਹੀਂ, ਰਾਮ ਰਾਜ ਵਿਚ ਹੋਵੇਗਾ। ਹਾਲੇ ਤਾਂ ਅਸੀਂ ਪੜ੍ਹ ਰਹੇ ਹਾਂ- ਮਨਮਨਾਭਵ, ਮੱਧਜੀ ਭਵ। ਹਾਲੇ ਕਲਿਯੁਗ ਦਾ ਅੰਤ ਹੈ, ਫਿਰ ਸਤਿਯੁਗ ਜਰੂਰ ਆਵੇਗਾ। ਬਾਪ ਸੰਗਮਯੁੱਗ ਤੇ ਹੀ ਆਕੇ ਬੇਹਦ ਦਾ ਸਕੂਲ ਖੋਲਦੇ ਹਨ। ਜਿੱਥੇ ਬੇਹਦ ਦੀ ਪੜਾਈ ਹੈ, ਬੇਹਦ ਦੀ ਬਾਦਸ਼ਾਹੀ ਪਾਉਣ ਲਈ। ਤੁਸੀ ਹੁਣ ਜਾਣਦੇ ਹੋ ਅਸੀਂ ਨਵੀਂ ਦੁਨੀਆ ਦੇ ਮਾਲਿਕ ਬਣਾਂਗੇ। ਨਵੀਂ ਦੁਨੀਆ ਨੂੰ ਸਵਰਗ ਕਿਹਾ ਜਾਂਦਾ ਹੈ। ਖੁਮਾਰੀ ਚੜਦੀ ਹੈ ਨਾ। ਬਰੋਬਰ ਪੁਰਾਣੀ ਦੁਨੀਆ ਤੋ ਬਾਅਦ ਹੈ ਨਵੀਂ ਦੁਨੀਆ, ਬੱਚਿਆਂ ਨੂੰ ਯਾਦ ਆਉਂਦੀ ਹੈ। ਸਾਰੇ ਬੱਚਿਆਂ ਦੇ ਦਿਲ ਵਿਚ ਹੈ - ਸਵਰਗ ਦਾ ਮਾਲਿਕ ਬਣਾਉਣ ਦੇ ਲਈ ਸਾਨੂੰ ਪਰਮਪਿਤਾ ਪੜਾਉਂਦੇ ਹਨ। ਬੱਚਿਆਂ ਨੂੰ ਇਹ ਯਾਦ ਰਹੇ ਸਾਨੂੰ ਭਗਾਵਾਨ ਪੜਾਉਂਦੇ ਹਨ। ਉੱਚ ਤੋਂ ਉੱਚ ਸਤਿਯੁਗ ਦੇ ਰਾਜਾ ਰਾਣੀ ਬਨਦੇ ਹਾਂ। ਰਾਜਯੋਗ ਨਾਲ ਰਾਜ ਗੱਦੀ ਮਿਲਦੀ ਹੈ, ਉਸ ਵਿੱਚ ਪਵਿੱਤਰਤਾ ਸੁਖ, ਸ਼ਾਂਤੀ ਸਭ ਹੈ। ਇਸ ਬਾਬਾ ਵਿਚ ਹੁਣ ਸ਼ਿਵਬਾਬਾ ਪਧਾਰੇ ਹਨ। ਓਹ ਹੈ ਉੱਚ ਤੇ ਉੱਚ। ਆਤਮਾ ਅਨੁਭਵ ਲੈਂਦੀ ਹੈ ਉੱਥੇ ਜਾਵਾਂਗੇ ਤਾਂ ਉੱਥੋਂ ਦੀ ਬੈਠਕ ਉੱਚੀ ਹੋਵੇਗੀ। ਸਟੂਡੈਂਟ ਸਾਰਿਆਂ ਦੀ ਬੈਠਕ ਸਭ ਦੀ ਆਪਣੀ - ਆਪਣੀ ਹੋਵੇਗੀ ਇਕ ਦੀ ਜਗ੍ਹਾ ਦੂਜਾ ਨਹੀਂ ਬੈਠ ਸਕਦਾ। ਇਕ ਦਾ ਪਾਰਟ ਦੂਜੇ ਨਾਲ ਨਹੀਂ ਮਿਲ ਸਕਦਾ। ਬਾਪ ਨੇ ਸਮਝਾਇਆ ਹੈ ਆਤਮਾ ਵਿਚ ਰਿਕਾਰਡ ਭਰਿਆ ਹੋਇਆ ਹੈ। ਡਰਾਮਾ ਦੇ ਪਲਾਨ ਅਨੁਸਾਰ ਸਾਡਾ ਪੁਰਸ਼ਾਰਥ ਚਲ ਰਿਹਾ ਹੈ। ਕੋਈ ਰਾਜਾ ਕੋਈ ਰਾਣੀ ਬਣਨਗੇ, ਅੰਤ ਵਿਚ ਪੁਰਸ਼ਾਰਥ ਦਾ ਨਤੀਜਾ ਨਿਕਲੇਗਾ, ਜੋ ਫਿਰ ਮਾਲਾ ਬਣੇਗੀ। ਉੱਚੇ ਨੰਬਰ ਵਾਲੇ ਨੂੰ ਜਰੂਰ ਪਤਾ ਚੱਲੇਗਾ। ਮਰਨ ਤੋ ਬਾਅਦ ਸਮਝਿਆ ਜਾਂਦਾ ਹੈ ਆਤਮਾ ਜਾ ਕੇ ਕਰਮਾ ਅਨੁਸਾਰ ਦੂਸਰਾ ਸ਼ਰੀਰ ਲਵੇਗੀ। ਚੰਗੇ ਕਰਮਾ ਵਾਲਿਆ ਨੂੰ ਯੋਗਬਲ ਨਾਲ ਚੰਗਾ ਜਨਮ ਮਿਲੇਗਾ। ਪੁਰਸ਼ਾਰਥ ਨਹੀਂ ਕਰਦੇ ਤਾਂ ਪਦਵੀ ਘੱਟ ਮਿਲੇਗੀ। ਇਸ ਤਰ੍ਹਾਂ ਵਿਚਾਰ ਕਰਨ ਨਾਲ ਖੁਸ਼ੀ ਹੋਵੇਗੀ। ਜੋ ਜਿਵੇਂ ਦਾ ਮਹਾਂਰਥੀ ਹੋਵੇਗਾ ਉਸ ਦੀ ਓਵੇ ਮਹਿਮਾ ਹੋਵੇਗੀ। ਸਭ ਦੀ ਮੁਰਲੀ ਵੀ ਇਕੋ ਜਿਹੀ ਨਹੀਂ ਚਲਦੀ। ਹਰੇਕ ਦੀ ਮੁਰਲੀ ਵੱਖ ਵੱਖਹੈ। ਇਹ ਬਣਿਆ ਬਣਾਇਆ ਖੇਲ ਹੈ। ਹਾਲੇ ਬੱਚਿਆਂ ਦਾ ਕਰਮਾ ਤੇ ਧਿਆਨ ਹੈ। ਬਾਪ ਜਾਂ ਮਾਂ ਜਿਵੇਂ ਕਰਨਗੇ ਉਵੇਂ ਬੱਚੇ ਸਿੱਖਣਗੇ। ਹੁਣ ਤੁਸੀਂ ਚੰਗੇ ਕਰਮ ਕਰਦੇ ਹੋ, ਸਰਵਿਸ ਤੋ ਪਤਾ ਚਲਦਾ ਹੈ। ਮਹਾਂਰਥੀਆਂ ਦੀ ਮੇਹਨਤ ਲੁਕੀ ਨਹੀਂ ਰਹਿ ਸਕਦੀ। ਸਮਝ ਸਕਦੇ ਹਨ ਕੌਣ ਉਂਚ ਪਦ ਪਾਉਣ ਦੇ ਲਈ ਮੇਹਨਤ ਕਰ ਰਹੇ ਹਨ। ਸਭ ਨੂੰ ਚਾਂਸ ਹੈ। ਉਂਚ ਪਦਵੀ ਪਾਉਣ ਲਈ ਮਨਮਨਾ ਭਵ ਦਾ ਪਾਠ ਸਭ ਨੂੰ ਮਿਲਿਆ ਹੈ। ਬੱਚੇ ਸਮਝਦੇ ਹਨ ਇਹ ਗੀਤਾ ਦਾ ਗਿਆਨ ਨੋਲਜਫੁੱਲ ਬਾਪ ਆਪ ਆਕੇ ਦਿੰਦੇ ਹਨ, ਜਰੂਰ ਐਕੁਰੇਟ ਨੋਲਜ ਹੀ ਦੇਣਗੇ। ਫਿਰ ਮਦਾਰ ਹੈ ਧਾਰਨਾ ਤੇ ਫਿਰ ਜੋ ਸੁਣਦੇ ਹੋ ਉਹ ਪ੍ਰੈਕਟੀਕਲ ਵਿਚ ਆਉਂਦਾ ਰਹੇ। ਐਖਾ ਨਹੀਂ ਹੈ ਬਾਪ ਨੂੰ ਯਾਦ ਕਰਨਾ ਅਤੇ ਚੱਕਰ ਨੂੰ ਜਾਨਣਾ ਹੈ। ਇਹ ਹੈ ਅੰਤਿਮ ਦੁਨੀਆ ਦੀ ਪੜਾਈ, ਫਿਰ ਇਸਨੂੰ ਪਾਸ ਕਰਕੇ ਨਵੀਂ ਦੁਨੀਆ ਵਿਚ ਚਲੇ ਜਾਵਾਂਗੇ।

ਗਾਇਨ ਹੈ ਨਿਸ਼ਚੇ ਵਿਚ ਜਿੱਤ। ਤਾਂ ਪ੍ਰੀਤ ਬੁੱਧੀ ਬੱਚਿਆਂ ਨੇ ਸਮਝਿਆ ਹੈ ਕਿ ਭਗਾਵਨ ਸਾਨੂੰ ਪੜਾਉਂਦੇ ਹਨ। ਬੱਚੇ ਜਾਣਦੇ ਹਨ ਸਾਡੀ ਆਤਮਾ ਧਾਰਨ ਕਰਦੀ ਹੈ। ਆਤਮਾ ਇਸ ਸ਼ਰੀਰ ਦਵਾਰਾ ਪੜਦੀ ਹੈ, ਨੌਕਰੀ ਕਰਦੀ ਹੈ। ਇਹ ਸਮਝਣ ਦੀਆ ਗੱਲਾ ਹਨ। ਬਾਪ ਨੂੰ ਯਾਦ ਕਰਦੇ ਹਾਂ, ਫਿਰ ਮਾਇਆ ਰਾਵਣ ਬਾਪ ਨਾਲ ਯੋਗ ਤੋੜ ਦਿੰਦੀ ਹੈ। ਮਾਇਆ ਤੋਂ ਸਾਵਧਾਨ ਰਹਿਣਾ ਹੈ। ਜਿੰਨਾਂ ਅੱਗੇ ਜਾਵੋਗੇ ਉਤਨਾ ਤੁਹਾਡਾ ਪ੍ਰਭਾਵ ਵੀ ਨਿਕਲੇਗਾ ਅਤੇ ਖੁਸ਼ੀ ਦਾ ਪਾਰਾ ਵੀ ਚੜੇਗਾ। ਨਵਾ ਜਨਮ ਲੈਣਗੇਗੇ ਤਾਂ ਬਹੁਤ ਸ਼ੋ ਕਰਨਗੇ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਨਾਈਟ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਅੰਦਰੋ ਬਾਹਰੋ ਸਾਫ ਰਹਿਣਾ ਹੈ। ਸੱਚੀ ਦਿਲ ਨਾਲ ਬਾਪ ਨੂੰ ਆਪਣਾ ਸਮਾਚਾਰ ਦੇਣਾ ਹੈ। ਕੁਝ ਵੀ ਲੁਕਾਨਾ ਨਹੀਂ ਹੈ।

2 ਹੁਣ ਵਾਪਿਸ ਜਾਣਾ ਹੈ ਇਸਲਈ ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ। ਚੁੱਪ ਰਹਿਣਾ ਹੈ।

ਵਰਦਾਨ:- ਮੇਰੇ ਨੂੰ ਤੇਰੇ ਵਿੱਚ ਪਰਿਵਰਤਨ ਕਰ ਉੱਡਦੀ ਕਲਾ ਦਾ ਅਨੁਭਵ ਕਰਨ ਵਾਲੇ ਡਬਲ ਲਾਈਟ ਭਵ

ਇਹ ਵਿਨਾਸ਼ੀ ਤਨ ਅਤੇ ਧਨ, ਪੁਰਾਣਾ ਮਨ ਮੇਰਾ ਨਹੀਂ, ਬਾਪ ਨੂੰ ਦੇ ਦਿੱਤਾ ਹੈ। ਪਹਿਲਾ ਸੰਕਲਪ ਹੀ ਇਹ ਕੀਤਾ ਕਿ ਸਭ ਕੁਝ ਤੇਰਾ.. ਇਸ ਵਿਚ ਬਾਪ ਦਾ ਫਾਇਦਾ ਨਹੀਂ, ਤੁਹਾਡਾ ਫਾਇਦਾ ਹੈ ਕਿਉਂਕਿ ਮੇਰਾ ਕਹਿਣ ਨਾਲ ਫਸਦੇ ਹੋ ਅਤੇ ਤੇਰਾ ਕਹਿਣ ਨਾਲ ਨਿਆਰੇ ਹੋ ਜਾਂਦੇ ਹੋ। ਮੇਰਾ ਕਹਿਣ ਨਾਲ ਬੋਝ ਵਾਲੇ ਬਣ ਜਾਂਦੇ ਅਤੇ ਤੇਰਾ ਕਹਿਣ ਨਾਲ ਡਬਲ ਲਾਈਟ, ਟਰੱਸਟੀ ਬਣ ਜਾਂਦੇ। ਜਦ ਤੱਕ ਕੋਈ ਹਲਕਾ ਨਹੀਂ ਬਣਦੇ। ਉਦੋ ਤੱਕ ਉੱਚੀ ਸਥਿਤੀ ਤੱਕ ਪਹੁੰਚ ਨਹੀਂ ਸਕਦੇ। ਹਲਕਾ ਰਹਿਣ ਵਾਲੇ ਹੀ ਉੱਡੱਦੀ ਕਲਾ ਦਵਾਰਾ ਆਨੰਦ ਦੀ ਅਨੁਭੂਤੀ ਕਰਦੇ ਹਨ। ਹਲਕਾ ਰਹਿਣ ਵਿੱਚ ਹੀ ਮਜਾ ਹੈ।

ਸਲੋਗਨ:- ਸ਼ਕਤੀਸ਼ਾਲੀ ਆਤਮਾ ਉਹ ਹੈ ਜਿਸ ਤੇ ਕੋਈ ਵਿਅਕਤੀ ਜਾਂ ਪ੍ਰਕ੍ਰਿਤੀ ਆਪਣਾ ਪ੍ਰਭਾਵ ਨਾ ਪਾਵੇ।

******